# ਅੰਗਦ

ਜਤਿੰਦਰ ਕੌਰ

ਤੇਰੀ ਰੂਹ ਦੀ ਇਨਾਇਤ
ਮੈਨੂੰ ਕਰ ਗਈ ਕੋਈ ਆਇਤ

1. ਅਰਦਾਸ
2. ਸੂਰਜ ਮੁਖੀ
3. ਸੂਰਜ
4. ਜਨਮ ਦਿਨ
5. ਤਸਵੀਰ
6. ਵਿਹੁ ਮਾਤਾ
7. ਪਿਆਰ
8. ਦੀਵਾ
9. ਸਤਰੰਗੀ ਪੀਂਘ
10. ਸੰਦਲੀ ਜੰਗਲ
11. ਰਬ
12. ਇਹ ਪਲ
13. ਇਹ ਕੈਸੀ ਰੁੱਤ ਵਿਚ
14. ਰਿਸ਼ਤਿਆਂ ਦਾ ਜੰਗਲ
15. ਮੋਹ ਦਾ ਰੰਗ
16. ਮੈਂ
17. ਕਿਥੇ ਐਂ ਤੂੰ
18. ਬਸੰਤ
19. ਦੁਆ
20. ਅੰਗਦ
21. ਖ਼ੁਦਾ
22. ਮਿੱਤਰਾ
23. ਪਹਾੜੀ ਪੈਂਡਾ
24. ਸਜਦਾ
25. ਜੀ ਕਰਦੈ
26. ਵਸਲ ਦੀ ਘੜੀ
27. ਆਈਸਬਰਗ
28. ਛਾਂਵਾਂ

29. ਕਦਮਾਂ ਦਾ ਸਿਦਕ
30. ਇਹ ਕੀ ਮੰਜ਼ਰ
31. ਖਿਲਾਅ
32. ਖ਼ਤ ਦੀ ਇਬਾਰਤ
33. ਦਰਿਆ ਦਿਲੀ
34. ਜਾ ਵੇ ਸੂਰਜਾ
35. ਸ਼ਗਨ
36. ਅਹਿਲਿਆ
37. ਮੌਸਮਾਂ ਦੀ ਮਿਹਰ
38. ਪਾਸੇ ਦਾ ਸੋਨਾ
39. ਦਰਦ ਦਾ ਆਲਮ

**ਅਰਦਾਸ**

ਰਬਾ
ਮੈਂ ਤੈਨੂੰ ਯਾਦ ਕਰਾਂ

ਇਹ ਰਹਿਮਤਾਂ
ਇਹ ਬਰਕਤਾਂ
ਹੱਥ ਭਰ ਡੁਲ੍ਹਦੇ
ਨਾ ਜੋੜ ਸਕਾਂ
ਭਰ ਡੁਲ੍ਹਦੀਆਂ ਵੇ
ਦੋਵੇਂ ਅੱਖੀਆਂ
ਤੱਕਦੀ ਤੈਨੂੰ
ਅਰਦਾਸ ਕਰਾਂ
ਰਬਾ
ਮੈਂ ਤੈਨੂੰ ਯਾਦ ਕਰਾਂ

## ਸੂਰਜ ਮੁਖੀ

ਸੱਚ ਹੈ ਜਾਂ ਕੋਈ ਪਰੀ ਕਹਾਣੀ
ਜਲ ਪਰੀ ਜਹੀ ਇਕ ਕੁੜੀ ਸੀ
ਨਾ ਤੱਕਿਆ ਸੀ ਸੂਰਜ ਉਸ ਨੇ
ਨਾ ਦੇਖੀ ਸੀ ਧਰਤ ਨਿਮਾਣੀ

ਸੁੱਤ-ਉਨੀਂਦੀ ਓਸ ਕੁੜੀ ਨੇ
ਸੂਰਜ ਤੱਕਿਆ ਤੱਕਦੀ ਰਹਿ ਗਈ
ਸਰਘੀ ਹੋ ਗਈ ਹੋਂਦ ਕੁੜੀ ਦੀ
ਜਲ ਪਰੀ ਜਹੀ ਕੁੜੀ ਸੀ ਜਿਹੜੀ
ਪਰ੍ਹਾਂ ਹਟਾ ਕੇ ਜ਼ਰਾ ਸਮੁੰਦਰ
ਛੂਹ ਕੀ ਬੈਠੀ ਲੋਅ ਸੂਰਜ ਦੀ
ਕਿਰਨ ਈ ਬਣ ਗਈ ਉਹ ਸੂਰਜ ਦੀ

ਨਿਤ ਸੂਰਜ ਨਾਲ ਉਗਦੀ ਬੁਝਦੀ
ਸੂਰਜ ਹੋ ਗਈਆਂ ਉਸਦੀਆਂ ਅੱਖੀਆਂ
ਜਦ ਸੂਰਜ ਦੀ ਪੈੜ ਨਾ ਲਭਦੀ
ਸੈਲ ਪੱਥਰ ਜਹੀ ਹੋ ਜਾਂਦੀ ਉਹ
ਅੱਥਰੂ ਅੱਥਰੂ ਖੁਰ ਖੁਰ ਜਾਂਦੀ
ਜਿਵੇਂ ਸਮੁੰਦਰ ਹੋ ਜਾਂਦੀ ਉਹ

ਤੇ ਜਦ ਸੂਰਜ ਮੁੜ ਉਗ ਆਉਂਦਾ
ਕਿਰਨ ਕਿਰਨ ਜੁੜ ਜੁੜ ਸੂਰਜ ਦੀ
ਸੈਲ ਪਥਰ ਜਹੀ ਓਸ ਕੁੜੀ ਦੇ
ਸਿਰ ਦੀ ਜੀਕਣ  ਛਾਂ ਬਣ ਜਾਂਦੀ
ਮੁੱਖ ਉਸਦਾ ਸੂਰਜ ਵਲ ਮੁੜਦਾ
ਤਕਦੀ ਤੇ ਤਕਦੀ ਰਹਿ ਜਾਂਦੀ

ਜੀਕਣ ਸੂਰਜ ਹੀ ਬਣ ਜਾਂਦੀ

ਜਲ ਪਰੀ ਜਹੀ ਓਸ ਕੁੜੀ ਦਾ
ਸੂਰਜ ਫਿਰ ਸਿਰਨਾਂਵਾਂ ਬਣਿਆ
ਬਾਤਾਂ ਵਾਲੀ ਓਸ ਕੁੜੀ ਦਾ
ਕਹਿੰਦੇ ਸੂਰਜਮੁਖੀ ਨਾਂ ਬਣਿਆ

**ਸੂਰਜ**

ਜਿਸ ਘੜੀ ਤੂੰ ਨਹੀਂ ਮਿਲਦਾ
ਰਾਤ ਜਿਹਾ ਹੋ ਜਾਂਦਾ ਏ ਦਿਨ
ਤੇਰੇ ਬਿਨ ਸਾਹ ਲੈਂਦਿਆਂ ਤੱਕ ਕੇ
ਸ਼ਰਮਿੰਦਾ ਹੋ ਜਾਂਦੈ ਸੂਰਜ
ਕੀ ਜੀਣਾ ਕੀ ਮਰਨਾ ਉਸ ਪਲ

ਜਿਸ ਘੜੀ ਤੂੰ ਨਹੀਂ ਮਿਲਦਾ
ਮੈਂ ਖਿੰਡੀ ਜਹੀ ਹਸਤੀ ਜੀਕਣ
ਹੋਂਦ ਮੇਰੀ ਦਾ ਇਕ ਇਕ ਕਣ ਕਣ
ਪੈੜ ਤੇਰੀ ਦੀ ਮਿੱਟੀ ਬਣ ਬਣ
ਆਉਣਾ ਲੋਚੇ ਤੇਰੇ ਤੀਕਣ

ਜਿਸ ਘੜੀ ਤੂੰ ਨਹੀਂ ਮਿਲਦਾ
ਮੈਂ ਭਟਕਾਂ ਰੂਹਾਂ ਦੇ ਵਾਂਗਰ

ਮੈਂ ਤੜਫਾਂ ਜਿਸਮਾਂ ਦੇ ਵਾਂਗਰ
ਅਪਣੇ ਹੰਝੂ ਖਾਰੇ ਪੀ ਕੇ
ਪੀੜਾਂ ਦਾ ਹੋ ਜਾਂਵਾਂ ਸਾਗਰ

ਜਿਸ ਘੜੀ ਤੂੰ ਨਹੀਂ ਮਿਲਦਾ
ਕੀ ਜਾਣਾਂ ਕੀ ਰਖਾਂ ਨਾਂ ਮੈਂ
ਮੌਤ ਜਹੇ ਨਿਰਜਿੰਦ ਉਸ ਪਲ ਦਾ

ਪੂੰਝ ਜਾਏ ਪਰ ਅੱਥਰੂ ਮੇਰੇ
ਆ ਕੇ ਇਕ ਅਹਿਸਾਸ ਜਿਹਾ
ਸੂਰਜ ਦੀ ਉਸ ਕਿਰਨ ਦੀ ਲੋਅ ਵਿਚ
ਪਲਕਾਂ ਵਿਚ ਅਟਕੇ ਹੰਝੂਆਂ 'ਚੋਂ
ਜਦ ਮੈਂ ਤਕ ਲੈਂਦੀ ਮੂੰਹ ਤੇਰਾ
ਉਸ ਪਲ ਸੂਰਜ ਮੁੜ ਉਗ ਆਵੇ
ਮੇਰੀਆਂ ਅੱਖੀਆਂ ਦੇ ਕੋਇਆਂ ਵਿਚ
ਖ਼ਾਬਾਂ ਦੇ ਕਈ ਰੰਗ ਭਰ ਜਾਵੇ

ਅਹਿਸਾਸਾਂ ਦੇ ਰਾਤ ਦਿਵਸ ਵਿਚ
ਇੰਝ ਖੁਰਨਾ ਇੰਝ ਮਰ ਮਰ ਜੀਣਾ
ਕਿੰਨੇ ਸਾਹ ਤੇਰੇ ਬਿਨ ਜੀਣਾ
ਕੀ ਜੀਣਾ ਤੇਰੇ ਬਿਨ ਜੀਣਾ

## ਜਨਮ ਦਿਨ

ਮੈਨੂੰ ਕਹਿ
'ਮੁਬਾਰਕ ਜਨਮ ਦਿਨ'

ਤੇ ਕਹਿ ਇਸ ਪਲ ਮਰ ਜਾਂਵਾਂ ਮੈਂ
ਤੇਰੀ ਰੂਹ ਵਿਚ ਰਲ ਜਾਂਵਾਂ ਮੈਂ
ਤੇਰੇ ਬਿਨ ਜੀਊਣ ਦੇ
ਪਾਪ ਤੋਂ ਟਲ ਜਾਂਵਾਂ ਮੈਂ
ਹੋ ਜਾਏ  ਜਨਮ ਮੁਬਾਰਕ

ਮਹਿਬੂਬ ਮੇਰੇ!
ਆ ਕਹਿ ਦੇ ਮੈਨੂੰ
'ਜਨਮ ਦਿਨ ਮੁਬਾਰਕ'

## ਤਸਵੀਰ

ਤਸਵੀਰ ਤੇਰੀ
ਕੈਦ ਜਿਵੇਂ ਇਕ ਪਲ ਜਿਹਾ
ਕੂਲੇ ਨਕਸ਼
ਨਾ ਤੱਕਣੀ ਦਾ ਅਕਸ
ਨਾ ਤਸੱਵਰ ਕੋਈ ਜੀਉਂਦਾ ਜਿਹਾ
ਕੁਝ ਨਹੀ ਤੇਰੀ ਤਸਵੀਰ
ਠਰੇ ਜਹੇ ਅਹਿਸਾਸ ਬਿਨਾ

ਤੇਰੇ ਨਕਸ਼ ਤਸੱਵਰ ਤੇਰਾ
ਮੇਰੇ ਨੈਣੀਂ ਤਕ ਸਜਣਾ
ਤੂੰ ਮੈਂ ਹੋਵੇਂ ਮੈਂ ਤੂੰ ਹੋਵਾਂ
ਵੇ ਆ ਇਸ ਰੂਹ ਵਿਚ ਵਸ ਸਜਣਾ

## ਵਿਹੁ ਮਾਤਾ

ਮੁਕ ਜਾਵੇ ਜੇ ਜੀਊਣ ਦਾ ਬੰਧਨ
ਮੈਂ ਬਣ ਜਾਂਵਾਂ ਉਸਦੇ ਸਾਹ
ਉਸਦੇ ਸਾਂਹਾਂ ਜੋਗੀ ਹਵਾ

ਲਿਖ ਦੇ ਮੇਰਾ ਨਸੀਬ ਨਵਾਂ
ਵਿਹੁ ਮਾਤਾ!

## ਪਿਆਰ

ਕੀ ਜਾਂਣਾਂ
ਮੈਂ ਤੈਨੂੰ
ਕਿ ਖੁਦ ਨੂੰ ਪਿਆਰ ਕਰਾਂ
ਤੂੰ ਮੈਂ ਬਣੇਂ ਮੈਂ ਤੂੰ ਬਣਾਂ

## ਰਬ ਨੂੰ ਇਸਰਾਰ ਕਰਾਂ

ਮੈਂ ਜਾਂਣਾਂ
ਪਿਆਰ ਦੀ ਸੀਮਾ
ਬਸ ਪਿਆਰ ਹੀ ਕਾਫੀ ਨਾ
ਹਾਏ ਜੇ ਬਣ ਜਾਂਵਾਂ ਤੇਰੇ ਸਾਹ
ਜੋਤ ਤੇਰੀ ਅੱਖ ਦੀ
ਤੇਰਾ ਈ ਨਾਂ

ਇਹ ਰੂਹ ਮੇਰੀ
ਉਹ ਰੂਹ ਤੇਰੀ
ਇਕ ਰੂਹ ਬਣੇ, ਖ਼ੁਦਾ!

## ਦੀਵਾ

ਮੇਰੇ ਸਾਂਹਾਂ ਦਾ ਦੀਵਾ
ਜਦ ਤੇਰੇ ਨਾਂ ਨਾ ਸੀ
ਮੈਂ ਦੀਵਾ ਬਣ ਬਣ
ਬਲਦੀ ਸੀ ਜਗਦੀ ਨਾ ਸੀ
ਕਿਹੜਾ ਜਨਮ ਸੀ ਉਹ
ਕਿਹੜਾ ਸਮਾਂ ਸੀ

ਉਸ ਪਲ ਕਰਤਾਰੀ ਦਾ
ਸਾਖ਼ੀ ਸੀ ਆਪ ਖ਼ੁਦਾ
ਮੇਰੇ ਸਾਂਹਾਂ ਦਾ ਦੀਵਾ
ਤੇਰੇ ਦਰ ਤੇ ਜਾਂ ਜਗਿਆ

ਮੈਨੂੰ ਰੌਸ਼ਨ ਕਰ ਗਿਆ
ਉਸ ਪਲ ਦਾ ਨੂਰ ਜਿਹਾ

## ਸਤਰੰਗੀ ਪੀਂਘ

ਤੇਰਾ ਮੋਹ
ਮੇਰੇ ਅਸਮਾਨੀਂ
ਸਤ ਰੰਗਾਂ ਦੀ ਪੀਂਘ ਜਿਹਾ
ਨਾ ਰਿਸ਼ਤਾ
ਨਾ ਰਿਸ਼ਤੇ ਦਾ ਰੰਗ
ਬਸ ਨਿੱਘਾ ਅਹਿਸਾਸ ਜਿਹਾ

ਇਹ ਅਹਿਸਾਸ
ਤੇਰੇ ਇਸ ਮੋਹ ਦਾ
ਰੰਗ ਕੋਈ ਸਤ ਰੰਗ ਜਿਹਾ
ਕੀ ਰੱਖਾਂ ਇਸ ਮੋਹ ਦਾ ਨਾਂ

## ਸੰਦਲੀ ਜੰਗਲ

ਤੂੰ ਕੋਲ ਸੈਂ ਤਾਂ ਕੋਲ ਸੀ
ਜੰਗਲ ਤੇਰੇ ਸਾਂਹਾਂ ਦਾ
ਇਕ ਸੰਦਲੀ ਹਵਾ ਵੀ
ਕਿਥੇ ਐਂ ਤੂੰ
ਜੰਗਲ ਬਿਨਾ
ਧੁੱਪ ਲੂਹੇ
ਚੁੱਭੇ ਛਾਂ ਵੀ

ਸਾਹ ਲੈਣ ਦੀ ਮਜ਼ਬੂਰੀ
ਕੈਸੀ ਹੈ ਇਹ ਘੁਟਨ ਜਹੀ
ਕਿਧਰੇ ਕਿਤੇ ਹਵਾ ਨਹੀਂ

ਕਿਉਂ ਅੱਥਰੂ ਅੱਥਰੂ ਖੁਰ ਕੇ
ਬਣ ਗਈ ਆਂ ਵਸਦੀ ਬਦਲੀ
ਕਿਥੇ ਐਂ ਤੂੰ ਕਿ ਤੈਨੂੰ
ਭਿਉਂਦੀ ਨ੍ਹੀਂ ਇਹ ਨਮੀ ਜਹੀ

ਮੈਨੂੰ ਮੋੜ ਦੇ ਮੇਰਾ ਜੰਗਲ

ਤੇ ਮਹਿਕ ਉਹ ਸੰਦਲੀ ਜਹੀ

## ਰਬ

ਮੇਰੀ ਰੂਹ ਨੇ ਅੰਬਰ ਨੂੰ ਕਿਹਾ
ਆਖੀਂ ਵੇ ਰਬ ਨੂੰ ਆਪਣੇ
ਕਦੇ ਆਵੇ ਏਸ ਗਰਾਂ

ਅੰਬਰ ਜਾਂ ਦਿਤਾ ਸੁਨੇਹੜਾ
ਰਬ ਰਹਿਮਤਾਂ ਸੰਗ ਬਹੁੜਿਆ
ਮੇਰੀ ਝੋਲੀ ਭਰ ਗਿਆ

ਮੈਂ ਕਿਥੇ ਰੱਖਾਂ ਰਹਿਮਤਾਂ
ਮੈਂ ਕਿਥੇ ਸਾਂਭਾਂ ਦੌਲਤਾਂ
ਮੈਂ ਰਬ ਦਾ ਸ਼ੁਕਰ ਕਰਾਂ

## ਇਹ ਪਲ

ਅੱਜ ਸਜਣਾਂ ਮੇਰਾ ਜੀਅ ਕਰਦੈ
ਖੰਭ ਵਿਕੰਦੜੇ ਮੁਲ ਲੈ ਆਂਵਾਂ
ਤੇ ਡੂੰਘੇ ਨੀਲੇ ਅੰਬਰ ਵਿਚ
ਪੰਛੀ ਵਾਂਗਰ ਉਡਦੀ ਜਾਂਵਾਂ

ਅੰਬਰ ਦੇ ਸਾਗਰ ਵਿਚ ਤਰਕੇ
ਤਾਰੇ ਮੋਤੀ ਚੁੱਗ ਲਿਆਂਵਾਂ
ਤੋੜ ਕੇ ਅੰਬਰ ਦੇ ਸਭ ਤਾਰੇ
ਤੇਰੇ ਕਦਮਾਂ ਹੇਠ ਵਿਛਾਂਵਾਂ

ਅਣਜਨਮੇ ਬਾਲਾਂ ਨੂੰ ਜੀਕਣ
ਸਾਹਾਂ ਸੰਗ ਉਡੀਕਣ ਮਾਂਵਾਂ
ਰੂਹ ਦੇ ਇਕ ਇਕ ਕਣ ਨਾਲ ਤੇਰੀ
ਸੁਹਣੀ ਰੂਹ ਨੂੰ ਛੂਹਣਾ ਚਾਹਵਾਂ

ਪਰ ਰੂਹ ਤੋ ਲੈ ਕੇ ਰੂਹ ਤਕ ਦਾ
ਦਸ ਸਜਣਾਂ ਪੰਧ ਕਿੰਝ ਮੁਕਾਂਵਾਂ
ਤੂੰ ਸਾਂਹਾਂ ਬਾਂਹਾਂ ਦਾ ਜੰਗਲ
ਮੈਂ ਰੁਲਦਾ ਪੱਤਾ ਬੇਥਾਂਵਾਂ

ਮੈਂ ਕੋਸੇ ਹੰਝੂਆਂ ਦਾ ਸਾਗਰ
ਮੈਂ ਕੋਈ ਖ਼ਤ ਬੇਸਿਰਨਾਵਾਂ
ਪਰ ਬਾਂਹਾਂ ਦੇ ਜੰਗਲ ਵਿਚੋ
ਮੈਂ ਪੱਤਾ ਦਸ ਕਿਧਰ ਜਾਂਵਾਂ

ਮੈਂ ਤੇਰੀ ਅੱਖ ਦਾ ਕੋਈ ਅਥਰੂ
ਮੈਂ ਤੇਰੀ ਰੂਹ ਦਾ ਪਰਛਾਂਵਾਂ
ਤੇਰੇ ਰਾਹ ਦੀ ਧੂੜ ਬਣਾ ਦਏ
ਰੱਬ ਦੇ ਅਗੇ ਕਰਾਂ ਦੁਆਵਾਂ

ਤੇਰੇ ਰਾਹ ਦੀ ਧੂੜ ਬਣਾ ਦਏ
ਰੱਬ ਦੇ ਅਗੇ ਕਰਾਂ ਦੁਆਵਾਂ

## ਇਹ ਕੈਸੀ ਰੁੱਤ ਵਿਚ

ਇਹ ਕੈਸੀ ਰੁੱਤ ਵਿਚ
ਕਿਹੜੇ ਜੁਗ ਵਿਚ
ਰੂਹਾਂ ਦੀ ਗਲ ਏ ਛੋਹੀ

ਮੈਨੂੰ ਬਣਾ ਲੈ
ਸਾਂਹਾਂ ਦੀ ਖ਼ੁਸ਼ਬੋਈ

## ਰਿਸ਼ਤਿਆਂ ਦਾ ਜੰਗਲ

ਫੁੱਲ ਰੂਹ ਦਾ ਜਦ ਖਿੜਿਆ
ਅੰਬਰ ਵੀ ਮਹਿਕ ਗਿਆ
ਗਲ ਪੈ ਗਿਆ ਪਰ ਮੇਰੇ
ਇਕ ਜੰਗਲ ਅਣਮਿਣਿਆ

ਇਕ ਹਮਕ ਹੈ ਸਿਲ੍ਹੀ ਜਹੀ
ਇਹ ਚਮਕ ਹੈ ਮਟਮੈਲੀ
ਹਰ ਹੋਂਦ ਜੰਗਾਲੀ ਜਹੀ
ਚਹੁੰ ਪਾਸੇ ਮੈਂ ਮੈਂ ਦੀ
ਕਹੀ ਕਾਂਵਾਂ-ਰੌਲੀ ਜਹੀ

ਜਦ ਰੂਹ ਦੀ ਨਗਰੀ ਸੀ

ਸਰਨਾਂਵਾਂ ਤੇਰਾ ਮੇਰਾ
ਇਸ ਜੰਗਲੀ ਜੰਗਲ 'ਚੋਂ
ਲੰਘਣਾ ਸੀ ਕਿਓਂ  ਭਲਾ

**ਮੋਹ ਦਾ ਰੰਗ**

ਅਜਬ ਸੀ
ਜਿੰਦਗੀ ਦੇ ਰੰਗਾਂ ਦਾ ਸਿਲਸਿਲਾ
ਬਿਖੜਾ ਸੀ ਪੈਂਡਾ
ਰੰਗਾਂ ਦੇ ਮੋਹ ਤੋਂ
ਮੋਹ ਦੇ ਰੰਗ ਦਾ

ਰੰਗਾਂ ਦੀ ਸ਼ੋਖੀ ਜਾਂ
ਉਦਾਸੀ ਰੰਗਾਂ ਦੀ
ਛੋਹ ਯਖ਼ ਜਹੀ ਕਿਧਰੇ
ਤੇਜ਼ਾਬੀ ਰੰਗਾਂ ਦੀ
ਜੰਗਲ ਜਿਹਾ ਰੰਗਾਂ ਦਾ
ਇਕ ਜਿੰਦ ਦੁਆਲੇ ਸੀ
ਪਰ ਰੰਗ ਕੋਈ ਮੋਹ ਦਾ
ਨਾ ਤਕਿਆ ਹਾਲੇ ਸੀ

ਰੰਗ ਖੁਰਦੇ ਜਹੇ ਵੀ ਸਨ
ਰੰਗ ਝੜਦੇ ਜਹੇ ਵੀ ਸਨ

ਮੇਰਾ ਹਉਕਾ ਅਧਰੰਗ ਸੀ
ਅੱਥਰੂ ਵੀ ਬੇਰੰਗ ਸੀ
ਬੇਵਸ ਜਹੇ ਅੰਬਰ ਵਿਚ
ਨਾ ਪੀਂਘ ਸੀ ਸੱਤ ਰੰਗ ਦੀ

ਜਗਦੇ ਜਹੇ ਉਸ ਪਲ ਵਿਚ
ਰਬ ਦੇ ਰੰਗ ਜਹੇ ਪਲ ਵਿਚ
ਕੋਈ ਕਾਫ਼ਲਾ ਰੰਗਾਂ ਦਾ
ਸਾਹਾਂ 'ਚੋਂ ਲੰਘ ਗਿਆ
ਤੇ ਸਾਰੇ ਰੰਗਾਂ ਨੂੰ
ਨਾਂ ਮੇਰੇ ਕਰ ਗਿਆ

ਕੋਈ ਮਹਿਕ ਨਾ ਇਸ ਰੰਗ ਜਹੀ
ਕੋਈ ਰੰਗ ਨਾ ਏਸ ਜਿਹਾ
ਬੇਰੰਗ ਹੈ ਸਭ ਰੰਗ ਹੈ
ਇਹ ਰੰਗ ਤੇਰੇ ਮੋਹ ਦਾ

## ਮੈਂ

ਤੇਰੀ ਰੂਹ ਦਾ ਕਣ ਕੋਈ
ਮੈਂ ਤੇਰਾ ਪਰਛਾਂਵਾਂ
ਜੀ ਕਰਦੈ
ਸਜਣਾ ਵੇ
ਤੇਰੀ ਰੂਹ ਵਿਚ ਰਲ ਜਾਵਾਂ
ਤੈਨੂੰ ਪਿਆਰਾਂ ਸਾਂਹਾਂ ਸੰਗ
ਤੇ ਸਾਰੇ ਸਾਹਾਂ ਨੂੰ
ਨਾਂ ਤੇਰੇ ਕਰ ਜਾਂਵਾਂ

## ਕਿਥੇ ਐਂ ਤੂੰ

ਪੁਠੀ ਛੁਰੀ ਸਮੇਂ ਦੀ
ਹੋਣਾ ਜਿਬ੍ਹ
ਮਰਨਾ ਕਿ  ਜਿਉਣਾ ਏ
ਇੰਜ ਜੀਉਣ ਦਾ ਨਾਂ?

ਕਿੰਨੇ ਕੁ ਲਿਖੇ ਸਾਹ
ਤੇਰੇ ਬਿਨਾ
ਦਸਦੀ ਨ੍ਹੀਂ ਤੇਰਾ ਪਤਾ
ਤੈਨੂੰ ਛੂਹ ਕੇ ਮੁੜਦੀ 'ਵਾ

ਮੇਰਾ ਇਹ ਇਕ ਇਕ ਸਾਹ
ਕੋਈ ਹਉਕਾ ਭਰਾਂ
ਅੱਖੀਆਂ ਦੇ ਕੋਇਆਂ ਵਿਚਲੇ
ਮੀਹਾਂ ਦਾ ਕੀ ਕਰਾਂ

ਇਹ ਪੀੜ ਕੋਹੇ ਜਾਣ ਦੀ
ਹਾਏ ਕਿੰਝ ਜਰਾਂ
ਮਰ ਜਾਣ ਜਹੇ ਇਸ ਪਲ ਵਿਚ
ਕਿਤ ਬਿਧ ਜੀਆਂ

ਕੋਈ ਘਲ ਸੁਨੇਹਾ 'ਵ੍ਹ ਹਥ
ਮੈਂ ਰਾਹ ਤਕਾਂ
ਸਾਂਹਾਂ ਜਹੇ ਵੇ ਸੱਜਣਾ
ਆ ਸਾਹ ਲਵਾਂ

**ਬਸੰਤ**

ਛਾਈ ਉਦਾਸੀ ਰੂਹ ਤੇ
ਤੂੰ ਆ ਜਾ ਏਸ ਰੁਤੇ

ਤੂੰ ਆ ਕਿ ਨਿਸਰਨ ਕਲੀਆਂ
ਤੂੰ ਆ ਕਿ ਉਗੇ ਸੂਰਜ
ਪਤਝੜ ਹੈ ਮਨ ਦਾ ਮੌਸਮ
ਤੂੰ ਆ ਕਿ ਬਦਲੇ ਮੌਸਮ

**ਦੁਆ**

ਰਬਾ
ਵੇ ਸੱਚਿਆ
ਮੇਰੇ ਦਰਦ ਨੂੰ ਹਰਫ਼ ਦੇ

ਹਰਫਾਂ 'ਚ ਰੂਹ ਜਗਾ ਦੇ
ਪਿਘਲਾ ਕੇ ਮੇਰਾ ਕੁਲ ਦਰਦ
ਹਰਫ਼ੇ ਦੁਆ ਬਣਾਦੇ

ਸਿਰ ਕਰਜ਼ ਮੇਰੇ ਪਾਤਸ਼ਾਹੀਆਂ
ਮੈਨੂੰ ਅਪਣੀ ਸਿਫ਼ਤ ਸਲਾਹ ਦੇ
ਦੇ ਅਸੀਸ ਮੇਰੇ ਸੀਸ ਨੂੰ
ਰਾਹ ਹਰਿਮੰਦਰ ਦੇ ਪਾ ਦੇ

**ਅੰਗਦ**

ਮਹਿਜ਼ ਕੋਈ ਇਤਿਹਾਸ ਨਹੀਂ ਹੈ
ਰਿਸ਼ਤੇ ਦਾ ਇਤਫ਼ਾਕ ਨਹੀਂ ਹੈ
ਤੇਰੀ ਰੂਹ ਦੀ ਚੁੱਪ ਵੇਦਨ ਦਾ
ਇੰਜ ਮੇਰੇ ਸੀਨੇ 'ਚੋਂ ਲੰਘਣਾ
ਤੇ ਮੇਰਾ ਇਸ ਚੁੱਪ ਵੇਦਨ ਨੂੰ
ਇੰਜ ਅਪਣੇ ਸੀਨੇ ਵਿਚ ਜਰਨਾ

ਇਹ ਲਾਜ਼ਿਮ ਨਹੀਂ ਹੁੰਦਾ ਰੂਹ ਲਈ
ਰੂਹ ਦੀ ਕਲ੍ਹੀ-ਕਾਰੀ ਜੂਹ ਲਈ
ਰਿਸ਼ਤੇ ਦਾ ਕੋਈ ਨਗਰ ਉਸਰਨਾ
ਤੇ ਇਸ ਚੁੱਪ ਵੇਦਨ ਦੇ ਮੂੰਹ ਤੇ
ਰੂਹ ਦੀ ਪੀੜਾ ਜਰਦੀ ਰੂਹ ਤੇ
ਰਿਸ਼ਤੇ ਦਾ ਹਸਤਾਖਰ ਕਰਨਾ

ਇਹ ਵੀ ਤਾਂ ਰਿਸ਼ਤਾ ਹੀ ਹੁੰਦੈ
ਇਹ ਕੋਈ ਇਤਫਾਕ ਨਹੀਂ ਹੈ
ਰੌਬਿਨ ਪੰਛੀ ਦੇ ਪੈਰਾਂ ਵਿਚ
ਈਸਾ ਦੀ ਸੂਲੀ ਦਾ ਪੁੜਨਾ
ਤੇ ਈਸਾ ਨੂੰ ਚੁਭਦੇ ਕਿਲ ਨੂੰ
ਇੰਜ ਰੌਬਿਨ ਪੰਛੀ ਦਾ ਚੁਣਨਾ

ਇਹ ਹੀ ਤਾਂ ਰਿਸ਼ਤਾ ਹੈ ਰੂਹ ਦਾ
ਇਹ ਕੋਈ ਇਤਫਾਕ ਨਹੀਂ ਹੈ
ਨਾਨਕ ਦੀ ਰੂਹ ਦੇ ਸਾਗਰ 'ਚੋਂ
ਲਹਿਣੇ ਦਾ ਸੱਚ ਦਾ ਘੁਟ ਭਰਨਾ
ਤੇ ਫਿਰ ਲਹਿਣੇ ਦਾ ਨਾਨਕ ਦੇ
ਸੀਨੇ ਲਗਕੇ ਅੰਗਦ ਬਣਨਾ

ਮਹਿਜ਼ ਕੋਈ ਇਤਫ਼ਾਕ ਨਹੀਂ ਹੈ
ਇਸ ਯੁਗ ਵਿਚ ਤਾਂ ਮੁਮਕਿਨ ਹੈ
ਰੌਬਿਨ ਪੰਛੀ ਦੇ ਪੈਰਾਂ ਵਿਚ
ਈਸਾ ਦੀ ਸੂਲੀ ਦਾ ਪੁੜਨਾ
ਨਾਨਕ ਦੇ ਸੀਨੇ ਨਾਲ ਲਗਕੇ
ਫਿਰ ਲਹਿਣੇ ਦਾ ਅੰਗਦ ਬਣਨਾ

ਮਹਿਜ਼ ਕੋਈ ਇਤਫਾਕ ਨਹੀਂ ਹੈ
ਤੇਰੀ ਰੂਹ ਦੀ ਚੁੱਪ ਵੇਦਨ ਦਾ

ਇੰਜ ਮੇਰੇ ਸੀਨੇ 'ਚੋਂ ਲੰਘਣਾ

**ਖ਼ੁਦਾ**

ਅੰਬਰ 'ਚ ਚਮਕੇ ਚੰਨ ਵੇ
ਸੂਰਜ ਉਗੇ
ਰਬਾ ਇਹ ਅੱਖ ਦੀ ਬੂੰਦ ਅਜ
ਮੋਤੀ ਬਣੇ

ਸਤ ਰੰਗਾਂ ਦੀ ਸੈਅ ਰੰਗਾਂ ਦੀ
ਕੋਈ ਪੀਂਘ ਪਵੇ
ਮਹਿਕੇ ਕੁਲ ਅੰਬਰ ਧਰਤ ਵੀ
ਕੋਈ ਫੁਲ ਖਿੜੇ

ਰੁਤਾਂ ਦੇ ਰੰਗਾਂ ਦੀ
ਅਸੀਸ ਮਿਲੇ
ਕੋਈ ਮਹਿਕਦੀਆਂ ਧੁੱਪਾਂ ਦੀ
ਜਿੰਦ ਰੀਝ ਕਰੇ

## ਮਿੱਤਰਾ

ਚੰਨ ਵਰਗਿਆ ਵੇ ਮਿਤਰਾ
ਅੱਜ ਦੂਰ ਕਿਤੇ ਨਾ ਜਾ
ਮੈਂ ਝੂਠ ਕਿਹਾ ਸੀ ਮੇਰਾ
ਨਹੀਂ ਜੇਰਾ ਧਰਤ ਜਿਹਾ

ਤੂੰ ਸੁਣ ਮੇਰੇ ਮਿਤਰਾ
ਘੁਪ ਨੇਰ੍ਹ 'ਚ ਵੀ ਦਿਸਦਾ
ਮੈਨੂੰ ਚਾਨਣ ਜ਼ਰਾ ਜਿਹਾ

ਮਿੱਤਰਾ ਵੇ ਰਬ ਜਹਿਆ
ਤੇਰੇ ਮੇਰੇ ਸਿਰ ਤੇ
ਬੱਦਲਾਂ ਜਿਹਾ ਘਰ ਬਣਿਆ

ਕੁਝ ਬੋਲ ਮੇਰੇ ਮਿਤਰਾ
ਇਹ ਰੂਹ ਏ ਘਰ ਤੇਰਾ
ਆ ਵਸ ਵੇ ਏਸ ਗਰਾਂ

## ਪਹਾੜੀ ਪੈਂਡਾ

ਰੂਹਾਂ 'ਚੋਂ ਲੰਘ ਜਾਂਦਾ
ਜਦ ਕਾਫਲਾ ਵਸਲਾਂ ਦਾ
ਇਸ ਰੂਹ ਨੂੰ ਰਬ ਕਰਦਾ
ਤੇਰੀ ਰੂਹ ਦਾ ਸੁੱਚ ਜਿਹਾ

ਤੇਰਾ ਵਸਲ ਤਾਂ ਚਾਨਣ ਵੇ
ਇਸ ਮਨ ਦੀ ਨਗਰੀ ਦਾ

ਹਰ ਵਾਰ ਇਹੋ ਹੁੰਦਾ
ਮੰਜ਼ਿਲ ਬਣਦੀ ਰਸਤਾ
ਉਹੀ ਸਿਲਸਿਲਾ ਬਾਰਸ਼ਾਂ ਦਾ
ਉਹੀ ਕਾਫ਼ਲਾ ਵਸਲਾਂ ਦਾ

ਕਿਥੇ ਕੁ ਅਜੇ ਮੰਜ਼ਿਲ
ਕਿੰਨਾ ਕੁ ਅਜੇ ਰਸਤਾ
ਮੰਜ਼ਰ ਉਹ ਅਜ਼ਲ ਜਿਹਾ
ਜਿਉਂ ਪੈਂਡਾ ਪਰਬਤਾਂ ਦਾ
ਅੱਖੀਆਂ ਨੂੰ ਨਾ ਦਿਸਦਾ
ਪੈਰਾਂ ਤੋਂ ਨਾ ਮੁਕਦਾ

**ਸਜਦਾ**

ਮਿਤਰਾਂ ਨੂੰ ਕਹਿੰਦੀਆਂ ਕੁੜੀਆਂ ਨੇ
'ਮੈਂ ਨੱਚਾਂ ਸਾਰੀ ਰਾਤ ਵੇ
ਧਰਤੀ ਨੂੰ ਕਲੀ ਕਰਾਵੇਂ ਜੇ'

ਮੈਂ ਸੁਣਦੀ ਰਹੀ
ਮੈਂ ਤੱਕਦੀ ਰਹੀ
ਸੋਨੇ ਜਹੀ ਧਰਤੀ ਬਣ ਕੇ ਵੇ
ਤੇਰੇ ਪੈਰਾਂ ਹੇਠਾਂ ਵਿਛਦੀ ਰਹੀ

ਮੇਰੀ ਰੂਹ ਸੋਨਾ
ਤੇਰੀ ਸੋਨੇ ਰੰਗੀ ਰੂਹ ਨੂੰ ਬਸ
ਸਜਦਾ ਈ ਕਰਦੀ ਰਹੀ

## ਜੀ ਕਰਦੈ

ਜੀ ਕਰਦੈ
ਕੰਨੀ ਫ਼ਾੜ ਜ਼ਬਤ ਦੀ
ਅੱਖੀਆਂ ਤੇ ਬੰਨ੍ਹਾਂ
ਤੇ ਅੱਜ ਖੇਡਾਂ
ਕੋਈ ਖੇਡ ਦੀਵਾਨਗੀ

ਘੁਲ ਜਾਵਾਂ ਤੇਰੇ ਸਾਹਾਂ ਵਿਚ
ਤਾਵੀਜ਼ ਜਿਵੇਂ ਕੋਈ

ਰੂਹ ਤੇਰੀ ਨੂੰ ਛੂਹ ਜਾਂਵਾਂ
ਬਣ ਗੀਤ ਜਿਵੇਂ ਕੋਈ

ਬਣ ਜੋਤ ਜਗਾਂ ਤੇਰੇ ਨਾਂ ਦੀ
ਮੈਂ ਜੋਤ ਬਣਾਂ ਤੇਰੇ ਨਾਂ ਦੀ

**ਵਸਲ ਦੀ ਘੜੀ**

ਹਰ ਰਾਤ ਦੀ  ਲੰਘ ਬਿਖੜੀ ਘਾਟੀ
ਸੂਰਜ ਜਿਹਾ ਤੇਰਾ ਮੂੰਹ ਵੇਖਾਂ
ਇਹ ਵਸਲ ਤੇਰਾ
ਮੇਰੇ ਸਿਰ ਦੀ ਛਾਂ

ਤੁਧ ਬਾਝ ਪਿਆਰੇ ਕੇਵ ਰਹਾਂ

## ਆਈਸਬਰਗ

ਨਦੀ ਮੈਂ
ਸਿਮਟ ਜਾਂਵਾਂ
ਤੇਰੀ ਬੁਕ ਵਿਚ
ਮੇਰਾ ਪਿਆਰ ਕਹਿੰਦਾ
ਮੇਰੇ ਪਾਣੀਆਂ 'ਚ ਡੁਬ ਕੇ ਵੀ ਤੂੰ
ਕੁਝ ਅਣਡੁਬਿਆ ਰਹਿ ਜਾਂਦਾ

ਮੈਂ ਬਾਲਾਂ ਜਹੀ ਤੇਰੀ ਜ਼ਿਦ ਨੂੰ
ਤਕਦੀ ਆਂ ਮੰਨਦੀ ਆਂ
ਮੈ ਨਦੀ
ਤੇਰੇ ਵਿਚ ਡੁਬਦੀ ਆਂ

ਨਹੀ ਡੁਬ ਸਕਦਾ ਬਸ ਇਹੋ ਜਿਹਾਂ
ਅਣਭਿਜ ਜਿਹਾ ਤੂੰ ਕਹਿੰਦਾ
ਮੈਂ ਹਸ ਪੈਂਦੀ
ਮੇਰਾ ਬਉਰਾ ਮਨ

ਤੇਰੇ ਵਿਚ ਡੁਬਿਆ ਰਹਿੰਦਾ

ਪਰ ਕਦੇ ਕਦੇ
ਤਰਦਾ ਮੇਰੇ ਪਾਣੀਆਂ ਤੇ
ਤੂੰ ਪਿਘਲ ਪਿਘਲ ਜਾਂਦਾ
ਮੇਰੇ ਤਕ ਲੰਘ ਆਂਉਦਾ

ਮੇਰਾ ਅੱਥਰੂ ਬੱਦਲ ਬਣ
ਤੇਰੀ ਛੱਤ ਤੇ ਵਰ੍ਹ ਜਾਂਦਾ
ਮੇਰਾ ਹਉਕਾ ਬਣ ਅਰਦਾਸ ਜਿਵੇਂ
ਰਬ ਦਾ ਦਰ ਛੂਹ ਆਉਂਦਾ

ਮੈਂ ਨਦੀ ਜੇ ਅੱਥਰੂ ਵੀ ਬਣਦੀ
ਬਸ ਤੇਰੀ ਹੀ ਰਹਿੰਦੀ
ਪਾਣੀ ਆਂ ਮੈਂ ਤੂੰ ਵੀ

## ਛਾਂਵਾਂ

ਬਲਦੇ ਸਾਂਹੀਂ ਰਾਤ ਵਿਹਾਵਾਂ
ਰਾਤਾਂ ਕੋਲ ਬਾਤ ਤੇਰੀ ਪਾਂਵਾਂ
ਤਾਰਿਆਂ ਦੇ ਸੰਗ ਰਾਤ ਝਾਗਦੀ
ਚੰਨ ਦੇ ਸੰਗ ਮੈ ਖੁਰਦੀ ਜਾਂਵਾਂ

ਨਿੱਤ ਸਰਘੀ ਦੇ ਸੰਗ ਮੈਂ ਉਗਾਂ
ਨਿੱਤ ਸੂਰਜੇ ਸੰਗ ਮਰ ਜਾਂਵਾਂ

ਦਸ ਸਜਣਾਂ ਇਹ ਕਹੀ ਦੁਪਹਿਰੀ
ਨੰਗੇ ਪੈਰੀ ਤੁਰਦੀ ਆਵਾਂ
ਤੇਰੇ ਬੋਲ ਜੋ ਦੇਣ ਹਯਾਤੀ
ਉਂਗਲੀ ਲਾਂਵਾਂ ਤੇ ਮੁੜ ਆਂਵਾਂ

ਵੇ ਸੱਜਣਾਂ ਇਹ ਕਹੀ ਹਯਾਤੀ
ਤਲੀ ਸੂਰਜ ਨਿੱਤ ਉਗਾਂਵਾਂ
ਤੇਰੇ ਸਾਹਵੇਂ ਤਾਜਮਹਲ ਮੈਂ
ਤੈਥੋਂ ਦੂਰ ਕਬਰ ਹੋ ਜਾਂਵਾਂ

ਅੱਖੀਆਂ ਨਾਲ ਪੈੜ ਤੇਰੀ ਚੁੰਮਾਂ
ਪਲਕਾਂ ਸੰਗ ਸੰਵਾਰਾਂ ਰਾਹਾਂ
ਬੋਲ ਵੇ ਸਜਣਾ ਜਿੰਦ ਵੀ ਵੇਚਾਂ
ਮੁਲ ਵਿਕੰਦੀਆਂ ਮਿਲਣ ਜੇ ਛਾਂਵਾਂ

## ਕਦਮਾਂ ਦਾ ਸਿਦਕ

ਮੇਰੇ ਪੈਰਾਂ ਨੂੰ ਨਾ ਵੇਖ
ਕਦਮਾਂ ਦੇ ਸਿਦਕ ਨੂੰ ਵੇਖ

ਮੇਰੇ ਸਾਂਹਾਂ ਦੇ ਕੋਲ
ਤੂੰ ਹੈਂ ਸੁਪਨੇ ਨੇ ਤੇਰੇ
ਅੱਥਰੂ ਵੀ
ਮੈਂ ਕਿਥੇ ਆਂ ਪਤਾ ਨਹੀਂ
ਕਣ ਕਣ ਮੇਰਾ
ਤੂੰ ਹੈਂ ਬਸ ਤੂੰ ਈ ਤੂੰ

ਮੇਰੇ ਸਾਂਹਾਂ ਵਰਗਿਆ
ਸਾਂਹਾਂ ਦੇ ਕੋਲ ਰਹਿ ਮੇਰੇ
ਤੇਰੇ ਸੁਪਨੇ ਤੇਰੇ ਅੱਥਰੂ
ਸਾਰੇ ਦੇ ਸਾਰੇ ਮੇਰੇ

ਤੇਰੇ ਕਦਮਾਂ ਦੀ ਮੈਂ ਧੂੜ ਜਹੀ
ਤੇਰੇ ਸੰਗ ਹੀ
ਲੰਘ ਆਂਵਾਂਗੀ ਨਗਰੀ ਤੇਰੀ

## ਇਹ ਕੀ ਮੰਜ਼ਰ

ਮੋਹ ਦੀ ਫੜ ਤੰਦ ਜਹੀ
ਮੈਂ ਤਰਦੀ

ਡੁਬਦੀ
ਤਰਦੀ

ਇਹ ਮੰਜ਼ਰ ਕਿਹੋ ਜਿਹਾ
ਨਾ ਤੂੰ ਦਿਸਦਾ
ਨਾ ਦਿਸਦਾ
ਮੋਹ ਤੇਰਾ

ਮੈਂ ਖੜ੍ਹੀ ਉਦਾਸੀ
ਬਹੁਤ ਪਿਆਸੀ
ਕੋਲ ਸਮੁੰਦਰ ਵੇ
ਦਸ ਕਿਥੇ ਮੇਰਾ ਘਰ ਵੇ

**ਖਿਲਾਅ**

ਜਦ ਵੀ ਦੂਰ ਤੂੰ ਜਾਂਦਾ
ਸਾਂਹਾਂ ਦਾ ਨਾਂ
ਹਉਕੇ ਹੋ ਜਾਂਦਾ
ਮਨ ਵਿਚ ਜਿਵੇਂ
ਖਿਲਾਅ ਜਿਹਾ ਬਣ ਜਾਂਦਾ

ਆ ਦੇਖ
ਕਿੰਨਾ ਡੂੰਘਾ ਏ ਇਹ ਖਿਲਾਅ
ਵੇ ਸਾਹਾਂ ਵਰਗਿਆ
ਇਸ ਵਾਰ ਨਾ ਮੁੜ ਕੇ ਜਾ

## ਖ਼ਤ ਦੀ ਇਬਾਰਤ

ਇਹ ਖ਼ਤ ਦੀ ਇਬਾਰਤ ਹੈ
ਕਿ ਰਬ ਦੀ ਜ਼ਿਆਰਤ ਹੈ
ਕੋਈ ਖ਼ਾਬ ਹਕੀਕਤ ਜਿਹਾ
ਕਿ ਖ਼ਾਬ ਹਕੀਕਤ ਹੈ

ਅਰਸ਼ਾਂ ਤੋਂ ਲੈ ਕੇ ਫਰਸ਼ ਤਕ
ਕਈ ਸੁੱਚੇ ਮੋਤੀ ਬਿਖਰੇ
ਰੂਹ ਦੇ ਨਗਰ 'ਚ ਆਕੇ
ਕਈ ਲਖਾਂ ਜੁਗਨੂੰ ਚਮਕੇ

ਇਸ ਮਖਮਲੀ ਇਬਾਰਤ ਨੇ
ਇੰਜ ਰੂਹ ਤੇ ਛਾਂ ਕੀਤੀ
ਇਹ ਰਾਤ ਸਾਡੇ ਸਿਰ ਤੇ
ਅਸੀਸ ਬਣ ਕੇ ਬੀਤੀ

ਰਬ ਵਰਗੇ ਸੁਹਣੇ ਸਜਣਾ
ਆਜਾ ਤੈਨੂੰ ਪਿਆਰਾਂ
ਰੂਹ ਆਪਣੀ ਦਾ ਸੋਨਾ
ਤੇਰੀ ਰੂਹ ਦੇ ਸਿਰ ਤੋਂ ਵਾਰਾਂ

## ਦਰਿਆ ਦਿਲੀ

ਮੈਂ ਜਾਣਾਂ
ਜਾਣਾ ਦੂਰ ਸੀ ਤੂੰ
ਪੰਧ ਪੈਰਾਂ ਵਿਚ ਤੇਰੇ

ਜੰਗਲ ਕੋਈ ਬਾਂਹਾਂ ਦਾ
ਸੰਦਲ ਜਹੇ ਸਾਹਾਂ ਦਾ
ਮੇਰੇ ਇਸ਼ਕੇ ਦਾ ਦਰਿਆ
ਹੜ੍ਹ ਬਣ ਬਣ ਕੇ ਵਹਿੰਦਾ
ਗਲ ਸੁਣ ਵੇ ਕੀ ਕਹਿੰਦਾ

ਮੈਂ ਇਸ਼ਕੇ ਦਾ ਦਰਿਆ
ਤੂੰ ਪਾਰ ਦੀ ਜੂਹ ਜਾਣਾ
ਪਾਣੀ ਅੱਖ ਦਾ ਭਰ ਭਰ ਡੁਲ੍ਹਦਾ
ਬੰਨ੍ਹ ਦੌਲਤਾਂ ਪਲੇ ਇਸ਼ਕ ਦੀਆਂ

ਜਾਂਈਂ ਲੱਖ ਵੇਰਾਂ ਪਰ ਸਾਂਈਆਂ
ਬਣ ਜਾਂਵੀਂ ਨਾ ਦਰਿਆ

ਕਰ ਦਿਲ ਦਰਿਆ ਅੜਿਆ

**ਜਾ ਵੇ ਸੂਰਜਾ**

ਸੂਰਜਾ ਵੇ ਜਾ
ਲੈ  ਲੋਅ ਮੇਰੀ ਅੱਖੀਆਂ ਦੀ  ਵੀ
ਜਾ ਉਸਨੂੰ ਮੋੜ ਲਿਆ

ਉਸਨੂੰ ਘਰ ਦਾ ਦਸੀਂ ਰਾਹ
ਤੇ ਦਈਂ ਸੰਦੇਸ ਮੇਰਾ
ਕਿ ਮੈਂ ਝੂਠ ਕਿਹਾ ਸੀ ਮੇਰਾ
ਨਈਂ ਜੇਰਾ ਧਰਤ ਜਿਹਾ

ਜੇ ਸੱਚ ਹੁੰਦਾ
ਬਣ ਜਾਂਦੇ ਨਾ ਹਉਕੇ
ਇੰਜ ਮੇਰੇ ਸਾਰੇ ਸਾਹ

ਉਹਨੂੰ ਆਖੀਂ
ਧਰਤ ਤੇਰੀ ਤੇ
ਕਿਤੇ ਲੋਅ ਨਹੀਂ ਬਿਨ ਤੇਰੇ
ਤੇਰੀ ਧੁੱਪ ਬਿਨਾ
ਖ਼ਿੜਦੇ ਨਹੀਂ ਖ਼ਾਬ ਮੇਰੇ

ਉਹਨੂੰ ਆਖੀਂ
ਧੁੱਪ ਬਣ ਕੇ
ਮੇਰਾ ਘਰ ਮਹਿਕਾ ਜਾਵੇ
ਉਸ ਸੂਰਜ ਜਹੇ ਨੂੰ ਆਖੀਂ ਵੇ
ਅਪਣੇ ਘਰ ਮੁੜ ਆਵੇ

**ਸ਼ਗਨ**

ਕੋਈ ਚੂੜੀਆਂ ਸੱਤ ਰੰਗੀਆਂ
ਹੱਸ ਹੱਸ ਕੇ ਮੈਂ ਤੋੜੀਆਂ
ਕਿ ਟੁਟੀਆਂ ਚੂੜੀਆਂ ਨਾਲ ਬਣੇ
ਕਲੈਡੀਓਸਕੋਪ ਵਿਚੋਂ
ਹਰ ਵਾਰ ਦਿਸਦੀ ਸੀ
ਘਰ ਦੀ ਨੁਹਾਰ ਨਵੀਂ
ਚੂੜੀਆਂ ਦਾ ਇੰਜ ਟੁਟਣਾ
ਬਦਸ਼ਗਨੀ ਹੁੰਦੈ ਕਿ ਨਹੀਂ
ਪਤਾ ਨਈਂ

ਰਿਸ਼ਤਿਆਂ ਦੇ ਸਾਰੇ ਰੰਗ
ਤਲੀਆਂ ਤੇ ਡੋਲ੍ਹੇ ਮੈਂ
ਇਕ ਸੁੱਚੇ ਰਿਸ਼ਤੇ ਲਈ
ਮੇਰੇ ਹੰਝੂਆਂ 'ਚੋਂ ਪਰ ਹੁਣ
ਕੋਈ ਰੰਗ ਈ ਦਿਸਦਾ ਨਈਂ
ਰੰਗਾਂ ਦਾ ਭੁਲ੍ਹ ਜਾਣਾਂ
ਬਦਸ਼ਗਨੀ ਹੁੰਦੈ ਕਿ ਨਹੀਂ
ਪਤਾ ਨਈਂ

ਮਹਿੰਦੀ ਤੇ ਰੰਗ ਦਾ ਰਿਸ਼ਤਾ
ਮੈਂ ਰੂਹ ਬਣ ਬਣ ਤਕਿਆ
ਇਸ ਰੂਹ ਤੇ ਰਬ ਦਾ ਰਿਸ਼ਤਾ
ਤੇਰੇ ਇਸ਼ਕੇ ਵਿਚੋਂ ਜਨਮਿਆ
ਕੀ ਸ਼ਗਨ ਕੀ ਬਦਸ਼ਗਨੀਆਂ...

**ਅਹਿਲਿਆ**

ਅੱਥਰੂ ਕਿਤਨੇ
ਅੱਖੀਆਂ ਉਹਲੇ
ਹਉਕੇ ਜਹੇ ਬਣ ਗਏ
ਸਾਹ ਸਾਰੇ

ਹੱਥਾਂ ਤੇ ਕੰਬਦੀ ਚੋਗ ਮੇਰੇ
ਹੋਠਾਂ ਤੇ ਕੰਬਦੇ ਲਖ ਤਰਲੇ
ਜ਼ਿੰਦਗੀ ਏ ਜਿਸਦਾ ਨਾਂ
ਉਹ ਪੰਛੀ ਦੂਰ ਗਿਆ

ਰੂਹ ਨੂੰ ਛੂਹ ਕੇ
ਵੇ ਕਿਥੇ ਗਿਓਂ ਸੱਜਣਾ!

## ਮੌਸਮਾਂ ਦੀ ਮਿਹਰ

ਇਹ ਮਿਹਰ ਏ ਮੌਸਮ ਦੀ
ਕਿ ਜਾਦੂ ਧਰਤੀ ਦਾ

ਕੁਲ ਧਰਤ ਬਣੀ
ਫੁਲਾਂ ਦਾ ਬਾਗ ਜਿਹਾ
ਮੈਂ ਇਕ ਇਕ ਫੁਲ
ਤੇਰੇ ਈ ਨਾਂ ਕੀਤਾ

ਇਹ ਜਾਦੂ ਅੰਬਰਾਂ ਦਾ
ਧਰਤੀ ਦੀ ਕੁਖ ਨੂੰ ਜੋ
ਫੁਲਾਂ ਦਾ ਵਰ ਮਿਲਿਆ

ਇਹ ਪੁੰਨ ਨੇ ਹੱਥਾਂ ਦੇ
ਕੋਈ ਕਰਮ ਏ ਜਨਮਾਂ ਦਾ
ਜਾਂ ਰਹਿਮ ਕੋਈ ਰਬ ਦਾ
ਸੂਰਜ ਦੀ ਲੋਅ ਸਾਹਵੇਂ
ਇਕ ਕਿਣਕਾ ਮਿੱਟੀ ਦਾ
ਸੂਰਜ ਹੀ ਬਣ ਗਿਆ

## ਪਾਸੇ ਦਾ ਸੋਨਾ

ਸੁਚੀ ਰੂਹ ਵਾਲੇ ਸੱਜਣਾ
ਕੋਈ ਪਾਸੇ ਦਾ ਸੋਨਾ ਏਂ ਤੂੰ
ਜੋ ਦੌਲਤ ਮੇਰੀ ਜ਼ਿੰਦਗੀ ਦੀ
ਤਾਵੀਜ਼ ਮੇਰੀ ਰੂਹ ਦਾ

ਸੋਨੇ ਜਹੇ ਸੱਜਣਾ
ਕਿਸੇ ਰਿਸ਼ਤੇ ਦਾ ਖੋਟ ਰਲਾ ਕੇ
ਤੈਨੂੰ ਗਹਿਣਾ ਨਹੀਂ ਬਣਾਉਣਾ ਮੈਂ'
ਜਿਸ ਨੂੰ ਕਦੇ ਗਹਿਣੇ ਕਰਨਾ ਪਵੇ
ਤੇ ਦਰੋਪਦੀ ਵਾਂਗ
ਰਿਸ਼ਤਿਆਂ ਦਾ ਚੀਰ ਹਰਨ ਜਰਨਾ ਪਵੇ

ਜੀ ਨਹੀਂ ਕਰਦਾ
ਕਿ ਦਰੋਪਦੀ ਦੀ ਤਕਦੀਰ ਵਰਾਂ
ਜੀ ਨਹੀਂ ਕਰਦਾ ਕਿ ਤੇਰੇ ਸਿਰ
ਰਿਸ਼ਤੇ ਦਾ ਇਲਜ਼ਾਮ ਧਰਾਂ

ਤੂੰ
ਸੋਨੇ ਜਹੇ ਸੱਜਣਾ
ਬਸ ਮੇਰੀ ਰੂਹ ਹੀ ਹੋ ਜਾ
ਮੇਰੇ ਸਾਹਾਂ ਦੇ ਸੇਕ ਸੰਗ
ਸੋਨੇ ਤੋਂ ਕੁੰਦਨ ਹੋ ਜਾ

ਤਾਵੀਜ਼ ਜਹੇ ਸੱਜਣਾ
ਮੇਰੇ ਸਾਹਾਂ ਵਿਚ ਰਲ ਜਾ
ਮੇਰੇ ਅਹਿਸਾਸਾਂ ਸੰਗ ਪਿਘਲ ਜਾ

ਆ ਪਿਘਲੇ ਸੋਨੇ ਜਹੇ ਇਸ ਅਹਿਸਾਸ ਦਾ
ਕੋਈ ਵੀ ਨਾਂ ਨਾ ਧਰੀਏ
ਬਸ ਰੂਹਾਂ ਦੇ ਇਸ ਇਤਿਹਾਸ ਨੂੰ
ਰੂਹਾਂ ਦੇ ਨਾਂ ਕਰੀਏ

## ਦਰਦ ਦਾ ਆਲਮ

ਜਦ ਮੇਰੇ ਅੰਬਰ 'ਚੋਂ
ਸੂਰਜ ਚੰਨ ਖੋ ਜਾਂਦੇ
ਸਾਹ ਹਉਕੇ ਹੋ ਜਾਂਦੇ
ਜਦ ਰੂਹ ਦੀ ਪੀੜ ਜਹੀ
ਅਰਦਾਸ ਨਹੀਂ ਬਣਦੀ
ਮੈਂ ਯਾਦ ਤੈਨੂੰ ਕਰਦੀ
ਜਿਉਂ ਢੋਂਦੀ ਆਂ ਸਜਣਾ
ਖ਼ੁਦ ਅਪਣੀ ਲਾਸ਼ ਜਹੀ

ਯਾਦਾਂ ਦੀ ਜਗਬੁਝ ਵਿਚ
ਡੁਬਦੀ ਕਦੇ ਤਰਦੀ ਹਾਂ
ਉਸ ਜੀਉਂਦੇ ਜਹੇ ਪਲ ਲਈ
ਮੈਂ ਮਰ ਵੀ ਸਕਦੀ ਆਂ

ਉਹ ਆਲਮ ਵੇਦਨ ਦਾ
ਆਉਂਦਾ ਤੇ ਲੰਘ ਜਾਂਦਾ
ਕੋਈ ਬੱਦਲ ਹੰਝੂਆਂ ਦਾ
ਵਸ ਵਸ ਕੇ ਮੁੜ ਜਾਂਦਾ
ਅਹਿਸਾਸ ਜਿਹਾ ਕੋਈ

ਅੰਬਰ ਮੇਰੇ ਮਨ ਦੇ ਵਿਚ
ਸੂਰਜ ਚੰਨ ਚਿਣ ਜਾਂਦਾ